## ਮਿਤੀ 24-11-2022 ਨੂੰ ਦਰਜ ਹੋਏ ਮੁਕੱਦਮੇ

| ਲੜੀ ਨੰ | ਮੁਕੱਦਮਾ ਨੰ: ਮਿਤੀ ਜੁਰਮ ਅਤੇ ਥਾਣਾ | ਮੁਦੱਈ ਮੁਕੱਦਮਾ ਦਾ ਨਾਮ, ਪਤਾ ਅਤੇ ਉਮਰ | ਦੋਸ਼ੀ ਦਾ ਨਾਮ ਅਤੇ ਪਤਾ | ਸੰਖੇਪ ਹਾਲਾਤ |
|---|---|---|---|---|
| 1 | ਮੁਕੱਦਮਾ ਨੰ: 228<br>ਮਿਤੀ:24-11-22<br>ਜੁਰਮ: 21-61-85 ਐਨ.ਡੀ.ਪੀ.ਐਸ. ਐਕਟ<br>ਥਾਣਾ:- ਫੇਸ-1 ਮੋਹਾਲੀ | ਸ.ਥ. ਜਸਮੇਰ ਸਿੰਘ<br>ਰੇਂਜ਼ ਐਂਟੀ ਨਾਰਕੋਟਿਕ ਕਮ ਸਪੈਸ਼ਲ ਆਪ੍ਰੇਸ਼ਨ ਸੈੱਲ ਰੇਂਜ਼ ਰੂਪਨਗਰ ਕੈਂਪ ਐਟ ਫੇਸ-7 ਮੋਹਾਲੀ<br>94175-90962 | ਅਰਬਿੰਦ ਕੁਮਾਰ ਉਰਫ ਕਾਲੂ ਪੁੱਤਰ ਸੀਆ ਰਾਮ ਵਾਸੀ ਸਫੀਪੁਰ ਬਸਤੀ ਜਿਲਾ ਉਨਾਵ ਯੂ.ਪੀ ਹਾਲ ਵਾਸੀ ਮ.ਨੰ.17 ਪਿੰਡ ਮਦਨਪੁਰ ਮੋਹਾਲੀ ਜਿਲਾ ਐਸ.ਏ.ਐਸ.ਨਗਰ | ਅੱਜ ਮਨ ਸ:ਥ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਮਦਨਪੁਰ ਚੌਕ ਮੋਹਾਲੀ ਮੌਜੂਦ ਸੀ ਤਾਂ ਵਕਤ ਕਰੀਬ 03:15ਪੀ.ਐਮ ਦੇ ਇਤਲਾਹ ਮਿਲੀ ਕਿ ਉਕਤ ਦੋਸ਼ੀ ਮੋਹਾਲੀ ਦੇ ਏਰੀਆ ਵਿੱਚ ਨਸ਼ਾ ਵੇਚਣ ਦਾ ਧੰਦਾ ਕਰਦਾ ਹੈ। ਜੋ ਅੱਜ ਵੀ ਮਦਨਪੁਰਾ ਚੌਂਕ ਨੇੜੇ ਪੈਦਲ ਹੀ ਆਪਣੇ ਗ੍ਰਾਹਕਾਂ ਨੂੰ ਨਸ਼ਾ ਦੇਣ ਲਈ ਆ ਰਿਹਾ ਹੈ। ਜੇਕਰ ਹੁਣੇ ਰੇਡ ਕੀਤੀ ਜਾਵੇ ਤਾਂ ਉਕਤ ਦੋਸ਼ੀ ਪਾਸੋਂ ਨਸ਼ਾ ਬਰਾਮਦ ਹੋ ਸਕਦਾ ਹੈ। ਜਿਸ ਤੇ ਮਨ ਸ.ਥ.ਨੇ ਸਾਥੀ ਕਰਮਚਾਰੀਆਂ ਸਮੇਤ ਮਦਨਪੁਰਾ ਚੌਂਕ ਵਿਖੇ ਨਾਕਾਬੰਦੀ ਕਰਕੇ ਚੈਕਿੰਗ ਸ਼ੁਰੂ ਕੀਤੀ ਗਈ ਤਾਂ ਉਕਤ ਦੋਸ਼ੀ ਮਦਨਪੁਰਾ ਸਾਈਡ ਤੋਂ ਆਉਂਦਾ ਦਿਖਾਈ ਦਿੱਤਾ ਜਿਸ ਨੇ ਪੁਲਿਸ ਪਾਰਟੀ ਨੂੰ ਦੇਖ ਕੇ ਆਪਣੀ ਜੇਬ ਵਿੱਚੋਂ ਮੋਮੀ ਲਿਫਾਫਾ ਸੁੱਟ ਕੇ ਭੱਜਣ ਲੱਗਾ। ਜਿਸ ਨੂੰ ਸਾਥੀ ਕਰਮਚਾਰੀਆਂ ਦੀ ਮੱਦਦ ਨਾਲ ਕਾਬੂ ਕੀਤਾ ਅਤੇ ਉਕਤ ਲਿਫਾਫੇ ਦੀ ਚੈਕਿੰਗ ਕੀਤੀ ਜਿਸ ਵਿੱਚੋਂ **20 ਗ੍ਰਾਮ ਹੈਰੋਇਨ** ਬਰਾਮਦ ਹੋਈ। ਜਿਸ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ। |
| 2 | ਮੁਕੱਦਮਾ ਨੰ:229<br>ਮਿਤੀ:24-11-22<br>ਜੁਰਮ: 379, ਆਈ.ਪੀ.ਸੀ<br>ਥਾਣਾ:- ਫੇਸ-1 ਮੋਹਾਲੀ | ਕਲਪਨਾ ਮਹਾਜਨ ਪਤਨੀ ਮੋਹਨ ਲਾਲ ਵਾਸੀ ਮਕਾਨ ਨੰ. ਐਚ.430 ਫੇਸ-1 ਮੋਹਾਲੀ ਜਿਲਾ ਐਸ.ਏ.ਐਸ.ਨਗਰ<br>98761-45033 | ਨਾ-ਮਾਲੂਮ ਵਿਅਕਤੀ/ ਵਿਅਕਤੀਆਂ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮਿਤੀ 22-09-22 ਨੂੰ ਮੇਰੇ ਲੜਕੇ ਸੁਘੁਮਨ ਮਹਾਜਨ ਨੇ ਆਪਣਾ ਮੋਟਰ ਸਾਈਕਲ ਨੰਬਰੀ ਪੀ.ਬੀ-65ਏ.ਯੂ-5803 ਮਾਰਕਾ ਬੁਲੇਟ ਸਟੈਂਡਰਡ ਘਰ ਦੇ ਬਾਹਰ ਖੜਾ ਕੀਤਾ ਸੀ। ਜਦੋਂ ਮੈਂ ਅਗਲੇ ਦਿਨ ਮਿਤੀ 23-09-22 ਨੂੰ ਸਵੇਰੇ ਉੱਠ ਕੇ ਦੇਖਿਆ ਤਾਂ ਉਕਤ ਮੋਟਰ ਸਾਈਕਲ ਆਪਣੀ ਜਗ੍ਹਾ ਪਰ ਨਹੀਂ ਸੀ ਜਿਸ ਨੂੰ ਕੋਈ ਨਾ-ਮਾਲੂਮ ਵਿਅਕਤੀ/ਵਿਅਕਤੀਆਂ ਨੇ ਚੋਰੀ ਕਰ ਲਿਆ ਹੈ। ਜਿਸ ਦੀ ਅਸੀਂ ਹੁਣ ਤੱਕ ਆਪਣੇ ਤੌਰ ਤੇ ਭਾਲ ਕਰਦੇ ਰਹੇ ਜੋ ਨਹੀਂ ਮਿਲਿਆ। ਜਿਸ ਤੇ ਹੁਣ ਨਾ-ਮਾਲੂਮ ਵਿਅਕਤੀ/ ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 3 | ਮੁਕੱਦਮਾ ਨੰ:493<br>ਮਿਤੀ:24-11-22<br>ਜੁਰਮ:379ਬੀ,336, ਆਈ.ਪੀ.ਸੀ. ਅਤੇ 25-54-59 ਅਸਲਾ ਐਕਟ<br>ਥਾਣਾ :-ਸੋਹਾਣਾ | ਹਰਸ਼ਦ ਐਸ ਗੌਤਮ ਪੁੱਤਰ ਸ਼ਿਵ ਕੁਮਾਰ ਗੌਤਮ ਵਾਸੀ ਵਾਰਡ ਨੰ.05 ਪਿੰਡ ਸਨੌਲੀ ਜਿਲਾ ਊਨਾ ਹਿਮਾਚਲ ਪ੍ਰਦੇਸ<br>ਉਮਰ 29 ਸਾਲ<br>92000-09003 | 04/05 ਨਾ-ਮਾਲੂਮ ਕਾਰ ਸਵਾਰ ਵਿਅਕਤੀ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮੈਂ ਉਕਤ ਪਤੇ ਦਾ ਰਹਿਣ ਵਾਲਾ ਹਾਂ। ਮਿਤੀ 23-11-22 ਨੂੰ ਮੈਂ ਕਾਰ ਨੰਬਰੀ ਪੀ.ਬੀ-01ਐਨ-0995 ਟੋਇਟਾ ਗਲੈਂਜ਼ਾ ਜੋ ਮੈਂ ਰਾਣਾ ਕੈਬ ਸੈਕ:47 ਚੰਡੀਗੜ੍ਹ ਤੋਂ ਕਿਰਾਏ ਤੇ ਲਈ ਸੀ, ਪਰ ਸਵਾਰ ਹੋ ਕੇ ਆਪਣੀਆਂ ਭੈਣਾਂ ਰਿੰਪੀ ਗੌਤਮ ਅਤੇ ਨਿਸ਼ਾ ਗੌਤਮ ਸਮੇਤ ਆਪਣੀ ਭੈਣ ਨਿਸ਼ਾ ਗੌਤਮ ਦੇ ਘਰ ਸੰਨੀ ਇੰਨਕਲੇਵ ਖਰੜ ਨੂੰ ਜਾ ਰਹੇ ਸੀ। ਜਦੋਂ ਅਸੀਂ ਅਪੂਰਬਾ ਅਪਾਰਟਮੈਂਟ ਸੈਕ:88 ਤੋਂ ਥੋੜਾ ਅੱਗੇ ਗਏ ਤਾਂ ਵਕਤ ਕਰੀਬ 02:30ਏ.ਐਮ ਸਵੇਰ ਦਾ ਹੋਵੇਗਾ ਕਿ ਸਾਡੀ ਗੱਡੀ ਦੇ ਅੱਗੇ ਇੱਕ ਹੌਂਡਾ ਸਿਟੀ ਕਾਰ ਇੱਕਦਮ ਪਿੱਛੋਂ ਆ ਕੇ ਰੁਕੀ ਜਿਸ ਵਿੱਚ 04/05 ਨੌਜਵਾਨ ਬੈਠੇ ਸੀ। ਜਿਹਨਾਂ ਨੇ ਸਾਡੀ ਗੱਡੀ ਰੋਕ ਲਈ ਅਤੇ ਉਹਨਾਂ ਵਿੱਚੋਂ ਇੱਕ ਨੌਜਵਾਨ ਨੇ ਉਤਰ ਕੇ ਆਪਣੇ ਹੱਥ ਵਿੱਚ ਫੜੇ ਪਿਸਟਲ ਨਾਲ ਹਵਾਈ ਫਾਇਰ ਕੀਤਾ ਅਤੇ ਦੂਜੇ ਵਿਅਕਤੀ ਨੇ ਪਿਸਟਲ ਤਾਣ ਕੇ ਸਾਨੂੰ ਕਾਰ ਵਿੱਚੋਂ ਬਾਹਰ ਆਉਣ ਲਈ ਕਿਹਾ। ਜਿਸ ਤੇ ਮੈਂ ਅਤੇ ਮੇਰੀਆਂ ਭੈਣਾਂ ਗੱਡੀ ਵਿੱਚੋਂ ਬਾਹਰ ਨਿਕਲ ਗਏ। ਫਿਰ ਉਕਤ ਨੌਜਵਾਨਾਂ ਨੇ ਸਾਡੇ 04 ਮੋਬਾਈਲ ਫੋਨ ਖੋਹ ਲਏ ਅਤੇ ਸਾਡੀ ਕਾਰ ਭਜਾ ਕੇ ਲੈ ਗਏ। ਰਾਤ ਦਾ ਸਮਾਂ ਹੋਣ ਕਾਰਨ ਮੈਂ ਉਕਤ ਦੋਸ਼ੀਆਨ ਦੀ ਕਾਰ ਦਾ ਨੰਬਰ ਨੋਟ ਨਹੀਂ ਕਰ ਸਕਿਆ। ਹੁਣ ਮੈਂ ਉਕਤਾਨ ਦੋਸ਼ੀਆਨ ਖਿਲਾਫ ਮੁਕੱਦਮਾ ਦਰਜ ਕਰਵਾਇਆ। |

| | | | | |
|---|---|---|---|---|
| 4 | ਮੁਕੱਦਮਾ ਨੰ:494<br>ਮਿਤੀ:24-11-22<br>ਜੁਰਮ:379ਬੀ,34,<br>ਆਈ.ਪੀ.ਸੀ. ਅਤੇ 25-54-59 ਅਸਲਾ ਐਕਟ<br>ਥਾਣਾ:-ਸੋਹਾਣਾ | ਹਰਜਸਪ੍ਰੀਤ ਸਿੰਘ ਪੁੱਤਰ ਸੁਖਵਿੰਦਰ ਸਿੰਘ ਵਾਸੀ ਪਿੰਡ ਝਾਂਮਪੁਰ ਥਾਣਾ ਬਡਾਲੀ ਆਲ੍ਹਾ ਸਿੰਘ ਜਿਲਾ ਫਤਹਿਗੜ ਸਾਹਿਬ<br>81988-18925 | 04 ਨਾ-ਮਾਲੂਮ ਵਿਅਕਤੀਆਂ | ਇਹ ਮੁਕੱਦਮਾ ਜ਼ੀਰੋ ਐਫ.ਆਈ.ਆਰ ਨੰ. .ਨੰ.123 ਮਿਤੀ 20-11-22 ਅ/ਧ 379ਬੀ,34, ਆਈ.ਪੀ.ਸੀ ਅਤੇ 25-54-59 ਅਸਲਾ ਐਕਟ ਥਾਣਾ ਸਤਨਾਮਪੁਰਾ ਜਿਲਾ ਕਪੂਰਥਲਾ ਅਤੇ ਜ਼ੀਰੋ ਐਫ.ਆਈ.ਆਰ ਨੰ.339 ਮਿਤੀ 21-11-22 ਅ/ਧ379ਬੀ,34, ਆਈ.ਪੀ.ਸੀ ਅਤੇ 25-54-59 ਅਸਲਾ ਐਕਟ ਥਾਣਾ ਸਿਟੀ ਖਰੜ ਮੌਸੂਲ ਹੋਣ ਤੇ ਦਰਜ ਰਜਿਸਟਰ ਕੀਤਾ ਗਿਆ। ਜਿਸ ਵਿੱਚ ਮੁਦੱਈ ਮੁਕੱਦਮਾ ਨੇ ਦੱਸਿਆ ਕਿ ਓਲਾ-ਉਵਰ ਤੇ ਟੈਕਸੀ ਦਾ ਕੰਮ ਕਰਦਾ ਹਾਂ। ਮਿਤੀ 20-11-22 ਨੂੰ ਵਕਤ ਕਰੀਬ 01:30 ਏ.ਐਮ ਰਾਤ ਨੂੰ ਮੇਰੇ ਫੋਨ ਤੇ ਓਲਾ ਰਾਈਡ ਸੈਕਟਰ 68 ਮੋਹਾਲੀ ਨੇੜੇ ਜੀ.ਪੀ.ਮਾੱਲ ਤੋਂ ਖਰੜ ਤੱਕ ਆਈ। ਜਦੋਂ ਮੈਂ ਆਪਣੀ ਕਾਰ ਨੰਬਰੀ ਪੀ.ਬੀ-01ਸੀ-8289 ਲੈ ਕੇ ਉੱਥੇ ਗਿਆ ਤਾਂ ਉੱਥੇ ਚਾਰ ਨੌਜਵਾਨ ਵਿਅਕਤੀ ਖੜੇ ਸਨ। ਜਿਹਨਾਂ ਨੂੰ ਮੈਂ ਆਪਣੀ ਕਾਰ ਵਿੱਚ ਲੈ ਕੇ ਬੱਸ ਸਟੈਂਡ ਖਰੜ ਲੈ ਕੇ ਖੜਾ ਹੋ ਗਿਆ। ਤਾਂ ਅੱਗੇ ਬੈਠੇ ਨੌਜਵਾਨ ਨੇ ਮੇਰੇ ਵੱਲ ਪਿਸਟਲ ਕਰ ਦਿੱਤਾ ਅਤੇ ਪਿੱਛੇ ਬੈਠੇ ਨੌਜਵਾਨਾਂ ਨੇ ਮੇਰੇ ਗਲੇ ਵਿੱਚ ਬਾਹਾਂ ਪਾ ਕ ਪਿੱਛਲੀ ਸੀਟ ਤੇ ਖਿੱਚ ਲਿਆ। ਉਹਨਾਂ ਨੇ ਮੇਰੇ ਦੋ ਮੋਬਾਈਲ ਫੋਨ ਅਤੇ ਪਰਸ ਖੋਹ ਲਿਆ ਅਤੇ ਮੈਨੂੰ ਸਮੇਤ ਕਾਰ ਫਗਵਾੜਾ ਲੈ ਆਏ ਅਤੇ ਮੈਨੂੰ ਨਕੋਦਰ ਰੋਡ ਸਤਨਾਮਪੁਰਾ ਕਾਰ ਵਿੱਚੋਂ ਬਾਹਰ ਕੱਢ ਦਿੱਤਾ ਅਤੇ ਮੇਰੀ ਕਰ ਲੈ ਕੇ ਫਰਾਰ ਹੋ ਗਏ। ਜਿਸ ਸਬੰਧੀ ਜ਼ੀਰੋ ਐਫ.ਆਈ.ਆਰ ਥਾਣਾ ਸਿਟੀ ਖਰੜ ਦਰਜ ਕਰਕੇ ਵਾਚਣ ਉਪਰੰਤ ਵਕੂਆ ਥਾਣਾ ਸੋਹਾਣਾ ਦਾ ਹੋਣ ਕਰਕੇ ਅਗਲੇਰੀ ਕਾਰਵਾਈ ਹਿੱਤ ਥਾਣਾ ਸੋਹਾਣਾ ਵਿਖੇ ਮੌਸੂਲ ਹੋਇਆ। |
| 5 | ਮੁਕੱਦਮਾ ਨੰ: 495<br>ਮਿਤੀ:24-11-22<br>ਜੁਰਮ: 21-61-85<br>ਐਨ.ਡੀ.ਪੀ.ਐਸ. ਐਕਟ<br>ਥਾਣਾ:- ਸੋਹਾਣਾ | ਸ.ਥ .ਚਰਨਜੀਤ ਸਿੰਘ<br>ਚੌਂਕੀ ਸਨੇਟਾ<br>98140-99025 | 1) ਸੰਦੀਪ ਸਿੰਘ ਉਰਫ ਬਿੱਲਾ ਪੁੱਤਰ ਜਸਮੇਰ ਸਿੰਘ ਵਾਸੀ ਪਿੰਡ ਨਗਾਰੀ ਥਾਣਾ ਸੋਹਾਣਾ<br>2) ਗੁਰਤੇਜ ਸਿੰਘ ਉਰਫ ਗੱਗੀ ਪੁੱਤਰ ਮੇਜਰ ਸਿੰਘ ਵਾਸੀ ਪਿੰਡ ਮਾਣਕਪੁਰ ਜਿਲਾ ਪਟਿਆਲਾ | ਅੱਜ ਮਨ ਸ:ਥ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਨੇੜੇ ਰੇਲਵੇ ਬ੍ਰਿਜ ਸਨੇਟਾ ਵਿਖੇ ਮੌਜੂਦ ਸੀ ਤਾਂ ਵਕਤ ਕਰੀਬ 07:30 ਪੀ.ਐਮ ਦਾ ਹੋਵੇਗਾ ਮੋਹਾਲੀ ਸਾਈਡ ਤੋਂ ਇੱਕ ਕਾਰ ਨੰਬਰੀ ਸੀ.ਐਚ-01ਏ.ਐਲ-3999 ਮਾਰਕਾ ਸਵਿਫਟ ਜਿਸ ਵਿੱਚ ਦੋ ਵਿਅਕਤੀ ਸਵਾਰ ਸਨ,ਆਉਂਦੀ ਦਿਖਾਈ ਦਿੱਤੀ ਜਿਸ ਦਾ ਚਾਲਕ ਪੁਲਿਸ ਪਾਰਟੀ ਨੂੰ ਦੇਖ ਕੇ ਘਬਰਾ ਕੇ ਕਾਰ ਨੂੰ ਪਿੱਛੇ ਮੋੜਨ ਲੱਗਾ ਜਿਸ ਨੂੰ ਸ਼ੱਕ ਦੀ ਬਿਨਾਹ ਤੇ ਸਾਥੀ ਕਰਮਚਾਰੀਆਂ ਦੀ ਮੱਦਦ ਨਾਲ ਕਾਬੂ ਕਰਕੇ ਨਾਮ ਪਤਾ ਪੁੱਛਿਆ। ਕਾਰ ਦੀ ਤਲਾਸ਼ੀ ਲੈਣ ਤੇ ਕਾਰ ਦੇ ਡੈਸ਼ਬੋਰਡ ਵਿੱਚੋਂ **05 ਗ੍ਰਾਮ ਚਿੱਟੇ ਰੰਗ** ਦਾ ਨਸ਼ੀਲਾ ਪਦਾਰਥ ਬਰਾਮਦ ਹੋਇਆ। ਜਿਸ ਤੇ ਦੋਵਾਂ ਦੋਸ਼ੀਆਂ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ। |
| 6 | ਮੁਕੱਦਮਾ ਨੰ:341<br>ਮਿਤੀ:24-11-22<br>ਜੁਰਮ: 485,486,<br>ਆਈ.ਪੀ.ਸੀ ਅਤੇ 63,65,<br>ਕਾਪੀਰਾਈਟ ਐਕਟ 1957<br>ਥਾਣਾ:- ਸਿਟੀ ਖਰੜ | ਅਨੂਪ ਸੰਭਾਜੀ ਕੋਲਾਪ ਪੁੱਤਰ ਸੰਭਾਜੀ ਕੋਲਾਪ ਵਾਸੀ ਕਮਰਾ ਨੰ.5 ਕਮਪਾਊਂਡ ਰਘਾਵੇਂਦਰਾ ਜਾਗੇਸ਼ਵਰੀ ਟੈਂਪਲ ਰੋਡ ਮੁੰਬਈ ਮਹਾਂਰਾਸ਼ਟਰ<br>82284-85071 | ਸ਼ਾਹ ਕੁਲੈਕਸ਼ਨ ਦਾ ਮਾਲਕ ਅਜੀਤ ਪੁੱਤਰ ਰਵਿੰਦਰ ਸ਼ਾਹ ਵਾਸੀ ਸਰਪੰਚ ਕਲੋਨੀ ਭਾਗੋ ਮਾਜਰਾ ਖਰੜ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈਂ ਉਕਤ ਪਤੇ ਦਾ ਰਹਿਣ ਵਾਲਾ ਹਾਂ ਅਤੇ Alithea & Jacobs ਕੰਪਨੀ ਵਿੱਚ ਬਤੌਰ ਮੈਨੇਜਰ ਨਿਯੁਕਤ ਹਾਂ। ਅਤੇ ਨਕਲੀ ਕੱਪੜੇ ਬਣਾਉਣ ਅਤੇ ਵੇਚਣ ਵਾਲਿਆਂ ਖਿਲਾਫ ਕਾਨੂੰਨੀ ਕਾਰਵਾਈ ਕਰਵਾਉਣ ਦੇ ਅਧਿਕਾਰ ਮਿਲੇ ਹੋਏ ਹਨ। ਅੱਜ ਮੈਂ ਖਰੜ ਸ਼ਹਿਰ ਵਿੱਚ ਸਰਵੇ ਕੀਤਾ ਤਾਂ ਪਤਾ ਲੱਗਾ ਕਿ ਸਾਡੀ ਕੰਪਨੀ ਦੇ ਨਕਲੀ (ਸ਼ਰਟਸ) ਉਕਤ ਦੋਸ਼ੀ ਆਪਣੀ ਦੁਕਾਨ ਸ਼ਾਹ ਕੁਲੈਕਸ਼ਨ ਹਸਪਤਾਲ ਰੋਡ ਖਰੜ ਵਿੱਚ ਵੇਚ ਰਿਹਾ ਹੈ। ਜਿਸ ਨਾਲ ਸਾਡੀ ਕੰਪਨੀ ਅਤੇ ਸਰਕਾਰ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ। ਜਿਸ ਦੇ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 7 | ਮੁਕੱਦਮਾ ਨੰ:236<br>ਮਿਤੀ:24-11-22<br>ਜੁਰਮ: 25-54-59<br>ਅਸਲਾ ਐਕਟ<br>ਥਾਣਾ:- ਸਦਰ ਖਰੜ | ਸ.ਥ.ਦੀਪਕ ਸਿੰਘ<br>ਸੀ.ਆਈ.ਏ.ਸਟਾਫ ਖਰੜ<br>ਜਿਲਾ ਐਸ.ਏ.ਐਸ.ਨਗਰ<br>80544-45361 | ਬਲਜੀਤ ਸਿੰਘ ਉਰਫ ਬੀਤ ਪੁੱਤਰ ਅਵਤਾਰ ਸਿੰਘ ਵਾਸੀ ਪਿੰਡ ਸਹੌੜਾਂ ਥਾਣਾ ਸਦਰ ਖਰੜ | ਅੱਜ ਮਨ ਸ:ਥ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਨੇੜੇ ਬੱਸ ਅੱਡਾ ਪਿੰਡ ਸਹੌੜਾਂ ਵਿਖੇ ਮੌਜੂਦ ਸੀ ਤਾਂ ਮੁੱਖਬਰ ਖਾਸ ਨੇ ਇੱਤਲਾਹ ਦਿੱਤੀ ਕਿ ਉਕਤ ਦੋਸ਼ੀ ਜਿਸ ਉੱਪਰ ਪਹਿਲਾਂ ਵੀ ਮੁਕੱਦਮੇ ਦਰਜ ਹਨ ਜੋ ਵਿਦੇਸ਼ਾਂ ਵਿੱਚ ਬੈਠੇ ਗੈਂਗਸਟਰਾਂ ਨਾਲ ਵੱਟਸਐਪ ਤੇ ਗੱਲ ਕਰਦਾ ਹੈ ਜਿਸ ਪਾਸ ਇੱਕ ਨਜਾਇਜ਼ ਪਿਸਟਲ ਹੈ। ਜੋ ਥੋੜੀ ਦੇਰ ਤੱਕ ਆਪਣੇ ਘਰ ਤੋਂ ਇਸੇ ਰਸਤੇ ਰਾਹੀਂ ਬੱਸ ਅੱਡਾ ਸਹੌੜਾਂ ਵੱਲ ਆਵੇਗਾ। ਜੇਕਰ ਇਸ ਨੂੰ ਰੋਕ ਕੇ ਕਾਬੂ ਕੀਤਾ ਜਾਵੇ ਤਾਂ ਇਸ ਪਾਸੋਂ ਇੱਕ ਨਜਾਇਜ਼ ਪਿਸਟਲ ਬਰਾਮਦ ਹੋ ਸਕਦਾ ਹੈ। ਜਿਸ ਨੂੰ ਤੁਰੰਤ ਨਾਕਾਬੰਦੀ ਕਰਕੇ ਕਾਬੂ ਕੀਤਾ ਗਿਆ ਜਿਸ ਪਾਸੋਂ **ਇੱਕ ਪਿਸਟਲ 32 ਬੋਰ ਅਤੇ 02 ਜ਼ਿੰਦਾ ਰੌਂਦ** ਬਰਾਮਦ ਹੋਏ। |

| | | | | |
|---|---|---|---|---|
| 8 | ਮੁਕੱਦਮਾ ਨੰ:237<br>ਮਿਤੀ:24-11-22<br>ਜੁਰਮ: 379,<br>ਆਈ.ਪੀ.ਸੀ<br>ਥਾਣਾ:- ਸਦਰ ਖਰੜ | ਰੰਜਨਾ ਪਤਨੀ ਰਾਜਨ ਵਾਸੀ ਮ.ਨੰ.45 ਅਲਪਾਈਨ ਸਿਟੀ ਝੁੰਗੀਆਂ ਰੋਡ ਖਰੜ ਜਿਲਾ ਐਸ.ਏ.ਐਸ.ਨਗਰ<br>76967-85129 | ਨਾ-ਮਾਲੂਮ ਵਿਅਕਤੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈਂ ਉਕਤ ਪਤੇ ਦੀ ਰਹਿਣ ਵਾਲੀ ਹਾਂ। ਮਿਤੀ 22-11-22 ਨੂੰ ਵਕਤ ਕਰੀਬ 11:00ਪੀ.ਐਮ ਪਰ ਅਸੀਂ ਆਪਣੀ ਕਾਰ ਨੰਬਰੀ ਪੀ.ਬੀ-01ਡੀ-0935 ਮਾਰਕਾ ਹੁੰਡਈ ਔਰਾ ਆਪਣੇ ਘਰ ਦੇ ਬਾਹਰ ਖੜੀ ਕੀਤੀ ਸੀ। ਜਦੋਂ ਮੈਂ ਵਕਤ ਕਰੀਬ 03:00 ਵਜੇ ਆਪਣੀ ਗੱਡੀ ਦੇਖਣ ਬਾਹਰ ਆਈ ਤਾਂ ਸਾਡੀ ਗੱਡੀ ਆਪਣੀ ਜਗਾ ਪਰ ਨਹੀਂ ਸੀ। ਜਦੋਂ ਮੈਂ ਆਸ-ਪਾਸ ਦੇ ਕੈਮਰੇ ਚੈੱਕ ਕੀਤੇ ਤਾਂ ਪਤਾ ਲੱਗਿਆ ਕਿ ਕੋਈ ਅਣਪਛਾਤਾ ਵਿਅਕਤੀ ਸਾਡੀ ਉਕਤ ਗੱਡੀ ਚੋਰੀ ਕਰਕੇ ਲੈ ਗਿਆ ਹੈ। ਜਿਸ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 9 | ਮੁਕੱਦਮਾ ਨੰ: 77<br>ਮਿਤੀ:24-11-22<br>ਜੁਰਮ: 379,<br>ਆਈ.ਪੀ.ਸੀ<br>ਥਾਣਾ:- ਬਲਾਕ ਮਾਜਰੀ | ਸੋਮਨਾਥ ਪੁੱਤਰ ਲੇਟ ਭਜਨ ਰਾਮ ਵਾਸੀ ਪਿੰਡ ਚਤਾਮਲਾ ਥਾਣਾ ਸਦਰ ਮੋਰਿੰਡਾ ਜਿਲਾ ਰੂਪਨਗਰ<br>99141-60741 | ਨਾ-ਮਾਲੂਮ ਵਿਅਕਤੀ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮੈਂ ਮਿਤੀ 15-11-22 ਨੂੰ ਆਪਣੇ ਮੋਟਰ ਸਾਈਕਲ ਨੰਬਰੀ ਪੀ.ਬੀ-87-3821 ਮਾਰਕਾ ਹੀਰੋ ਸਪਲੈਂਡਰ ਪਰ ਪਿੰਡ ਕੁਬਾਹੇੜੀ ਵਿਖੇ ਕੁਸ਼ਤੀਆਂ ਅਤੇ ਬੱਬੂ ਮਾਨ ਦਾ ਅਖਾੜਾ ਦੇਖਣ ਲਈ ਆਇਆ ਸੀ। ਮੈਂ ਆਪਣਾ ਮੋਟਰ ਸਾਈਕਲ ਸੜਕ ਤੇ ਸਾਈਡ ਤੇ ਲਗਾ ਕੇ ਵਕਤ ਕਰੀਬ 07:00 ਪੀ.ਐਮ ਪਰ ਪੰਡਾਲ ਵਿੱਚ ਚਲਾ ਗਿਆ ਸੀ। ਜਦੋਂ ਮੈਂ ਪ੍ਰੋਗਰਾਮ ਦੇਖ ਕੇ ਵਕਤ ਕਰੀਬ 08:30 ਪੀ.ਐਮ ਪਰ ਵਾਪਿਸ ਆ ਕੇ ਦੇਖਿਆ ਤਾਂ ਮੇਰਾ ਮੋਟਰ ਸਾਈਕਲ ਆਪਣੀ ਜਗਾ ਪਰ ਨਹੀਂ ਸੀ। ਜਿਸ ਨੂੰ ਕੋਈ ਨਾ-ਮਾਲੂਮ ਵਿਅਕਤੀ ਚੋਰੀ ਕਰਕੇ ਲੈ ਗਿਆ। ਮੈਂ ਆਪਣੇ ਮੋਟਰ ਸਾਈਕਲ ਦੀ ਹੁਣ ਤੱਕ ਆਪਣੇ ਤੌਰ ਤੇ ਭਾਲ ਕਰਦਾ ਰਿਹਾ ਜੋ ਨਹੀਂ ਮਿਲਿਆ। ਜਿਸ ਤੇ ਹੁਣ ਨਾ-ਮਾਲੂਮ ਵਿਅਕਤੀ/ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 10 | ਮੁਕੱਦਮਾ ਨੰ: 115<br>ਮਿਤੀ:24-11-22<br>ਜੁਰਮ: 323,341,506, 34,<br>ਆਈ.ਪੀ.ਸੀ<br>ਥਾਣਾ:- ਢਕੋਲੀ | ਮੁਹੰਮਦ ਯਾਸੀਨ ਪੁੱਤਰ ਮੁਹੰਮਦ ਰਸੀਦ ਵਾਸੀ ਮਕਾਨ ਨੰ.1374 ਸੈਣੀ ਵਿਹਾਰ ਫੇਸ-03 ਬਲਟਾਣਾ ਜਿਲਾ ਐਸ.ਏ.ਐਸ.ਨਗਰ ਉਮਰ 57 ਸਾਲ<br>98154-91453 | 1) ਮੁਹੰਮਦ ਕਫੀਲ<br>2) ਅਨੁਭਵ ਨਾਗਰਾ<br>3) ਕਾਮੀਲ<br>4) ਕਾਬਜ<br>ਅਤੇ 02 ਨਾ-ਮਾਲੂਮ ਵਿਅਕਤੀ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮੈਂ ਮਿਤੀ 20-11-22 ਨੂੰ ਆਪਣੇ ਦੋਸਤ ਸਮਸ਼ਾਦ ਅਹਿਮਦ ਦੀ ਬੇਟੀ ਦੀ ਸ਼ਾਦੀ ਵਿੱਚ ਸ਼ਾਮਿਲ ਹੋਣ ਲਈ ਜੀ.ਕੇ ਰਿਜ਼ੋਰਟ ਢਕੋਲੀ ਵਿਖੇ ਰਾਤ ਦੇ ਪ੍ਰੋਗਰਾਮ ਵਿੱਚ ਆਇਆ ਸੀ। ਤਾਂ ਵਕਤ ਕਰੀਬ 09:00 ਪੀ.ਐਮ ਪਰ ਮੇਰਾ ਉਕਤਾਨ ਦੋਸ਼ੀਆਨ ਨਾਲ ਕੁਰਸੀਆਂ ਤੇ ਬੈਠਣ ਨੂੰ ਲੈ ਕੇ ਬਹਿਸਬਾਜੀ ਹੋ ਗਈ। ਤਾਂ ਉਕਤਾਨ ਦੋਸ਼ੀਆਨ ਨੇ ਮੇਰੇ ਨਾਲ ਗਾਲੀ ਗਲੋਚ ਕੀਤੀ ਅਤੇ ਮਿਲ ਕੇ ਮੇਰੀ ਕੁੱਟਮਾਰ ਕੀਤੀ। ਜਿਸ ਕਾਰਨ ਮੇਰੇ ਕਾਫੀ ਸੱਟਾਂ ਲੱਗੀਆਂ। ਜਦੋਂ ਮੈਂ ਰੌਲਾ ਪਾਇਆ ਤਾਂ ਮੌਕੇ ਤੇ ਮੌਜੂਦ ਵਿਅਕਤੀਆਂ ਨੇ ਮੈਨੂੰ ਉਕਤਾਨ ਪਾਸੋਂ ਛੁਡਾਇਆ ਅਤੇ ਉਹ ਮੈਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦੇ ਹੋਏ ਫਰਾਰ ਹੋ ਗਏ। ਮੈਨੂੰ ਮੇਰੇ ਦੋਸਤ ਮਹਿਬੂਬ ਖਾਨ ਨੇ ਸਿਵਲ ਹਸਪਤਾਲ ਢਕੋਲੀ ਵਿਖੇ ਦਾਖਲ ਕਰਵਾ ਦਿੱਤਾ ਜਿੱਥੇ ਡਾਕਟਰ ਸਾਹਿਬ ਨੇ ਮੈਨੂੰ ਜੀ.ਐਮ.ਸੀ.ਐਚ ਸੈਕ:32 ਚੰਡੀਗੜ੍ਹ ਵਿਖੇ ਰੈਫਰ ਕਰ ਦਿੱਤਾ। ਜਿੱਥੇ ਛੁੱਟੀ ਮਿਲਣ ਤੋਂ ਬਾਅਦ ਹੁਣ ਮੈਂ ਉਕਤਾਨ ਦੋਸ਼ੀਆਨ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 11 | ਮੁਕੱਦਮਾ ਨੰ: 116<br>ਮਿਤੀ:24-11-22<br>ਜੁਰਮ: 379,120ਬੀ,<br>ਆਈ.ਪੀ.ਸੀ<br>ਥਾਣਾ:- ਢਕੋਲੀ | ਜਗਤਾਰ ਸਿੰਘ ਪੁੱਤਰ ਨਸੀਬ ਸਿੰਘ ਵਾਸੀ ਮਕਾਨ ਨੰ.1695 ਸੈਕ:21 ਪੰਚਕੂਲਾ ਹਾਲ ਵਾਸੀ ਮਕਾਨ ਨੰ.29 ਕਿਸ਼ਨਪੁਰਾ ਥਾਣਾ ਢਕੋਲੀ ਜਿਲਾ ਐਸ.ਏ.ਐਸ.ਨਗਰ<br>93571-33345 | 1) ਕੁਲਦੀਪ ਕੌਰ ਪਤਨੀ ਕੁਲਦੀਪ ਸਿੰਘ ਵਾਸੀ ਪਿੰਡ ਗਾਜੀਪਰ ਸੈਣੀਆਂ<br>2) ਕੁਲਦੀਪ ਸਿੰਘ ਪੁੱਤਰ ਗੁਰਬਖਸ਼ ਸਿੰਘ ਵਾਸੀ ਪਿੰਡ ਭਾਂਖਰਪੁਰ<br>ਅਤੇ ਨਾ-ਮਾਲੂਮ ਵਿਅਕਤੀ/ ਵਿਅਕਤੀਆਂ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈਂ ਖੇਤੀਬਾੜੀ ਦਾ ਕੰਮ ਕਰਦਾ ਹਾਂ। ਪਿੰਡ ਗਾਜੀਪੁਰ ਜੱਟਾ ਡੀ.ਪੀ.ਐਸ ਸਕੂਲ ਦੇ ਨੇੜੇ ਮੇਰੀ ਕਰੀਬ 17 ਵਿਘੇ ਜਮੀਨ ਹੈ। ਜਿੱਥੇ ਮੈਂ ਆਪਣੇ 2 ਕੰਟੇਨਰ ਰੱਖੇ ਹੋਏ ਸਨ ਜਿਨ੍ਹਾਂ ਵਿੱਚ ਮੈਂ ਖੇਤੀਬਾੜੀ ਦਾ ਸਮਾਨ ਅਤੇ ਲੇਬਰ ਦੇ ਰਹਿਣ ਵਾਸਤੇ ਕੰਨਟੇਨਰ ਨੂੰ ਵਰਤਦਾ ਸੀ। ਇਸ ਜਮੀਨ ਸਬੰਧੀ ਮੇਰਾ ਤੇ ਕੁਲਦੀਪ ਕੌਰ ਦਾ ਕੇਸ ਐਸ.ਡੀ.ਐਮ ਸਾਹਿਬ ਡੇਰਾਬਸੀ ਪਾਸ ਚੱਲਦਾ ਸੀ। ਮਿਤੀ 24-11-22 ਨੂੰ ਮੈਂ ਆਪਣੇ ਖੇਤਾਂ ਵਿੱਚ ਗੇੜਾ ਮਾਰਨ ਗਿਆ ਤਾਂ ਦੇਖਿਆ ਕਿ ਮੇਰੇ ਦੋਵੇਂ ਕੰਨਟੇਨਰ ਅਤੇ ਝੌਂਪੜੀ ਅਤੇ ਗੇਟ ਉੱਥੇ ਨਹੀਂ ਸੀ। ਮੈਨੂੰ ਪੂਰਾ ਸ਼ੱਕ ਹੈ ਕਿ ਇਹ ਚੋਰੀ ਉਕਤਾਨ ਦੋਸ਼ੀਆਨ ਨੇ ਮਿਲ ਕੇ ਕਿਸੇ ਨਾ-ਮਾਲੂਮ ਵਿਅਕਤੀ/ਵਿਅਕਤੀਆਂ ਤੋਂ ਕਰਵਾਈ ਹੈ। ਉਕਤਾਨ ਦੋਸ਼ੀਆਨ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ। |
| 12 | ਮੁਕੱਦਮਾ ਨੰ:179<br>ਮਿਤੀ:24-11-22<br>ਜੁਰਮ: 22-61-85<br>ਐਨ.ਡੀ.ਪੀ.ਐਸ. ਐਕਟ<br>ਥਾਣਾ:- ਲਾਲੜੂ | ਐਸ.ਆਈ:ਰਣਬੀਰ ਸਿੰਘ<br>ਇੰਚਾਰਜ ਚੌਂਕ ਨਾਹਰ<br>88474-87587 | ਬਿੰਦਰੂ ਪੁੱਤਰ ਭੋਲਾ ਵਾਸੀ ਪਿੰਡ ਦਿਉਰਾ ਜਿਲਾ ਚਿਤਰਕੂਟ ਯੂ.ਪੀ. ਹਾਲ ਵਾਸੀ ਕਿਰਾਏਦਾਰ ਪਿੰਡ ਦੇਵੀਨਗਰ ਥਾਣਾ ਡੇਰਾਬਸੀ | ਅੱਜ ਮਨ ਐਸ.ਆਈ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਔਪੋਸਿਟ ਟੌਰੈਕਸ ਫੈਕਟਰੀ ਅੰਬਾਲਾ ਚੰਡੀਗੜ੍ਹ ਨੈਸ਼ਨਲ ਹਾਈਵੇ ਪਰ ਮੌਜੂਦ ਸੀ ਤਾਂ ਵਕਤ ਕਰੀਬ 05:10 ਪੀ.ਐਮ ਦਾ ਹੋਵੇਗਾ ਤਾਂ ਇੱਕ ਮੋਨਾ ਵਿਅਕਤੀ ਡੇਰਾਬਸੀ ਸਾਈਡ ਤੋਂ ਪੈਦਲ ਆਉਂਦਾ ਦਿਖਾਈ ਦਿੱਤਾ ਜਿਸ ਨੂੰ ਸ਼ੱਕ ਦੀ ਬਿਨਾਹ ਤੇ ਨਾਕੇ ਤੇ ਰੋਕ ਕੇ ਚੈੱਕ ਕੀਤਾ ਗਿਆ ਤਾਂ ਉਸਦੇ ਹੱਥ ਵਿੱਚ ਫੜੇ ਪਲਾਸਟਿਕ ਲਿਫਾਫੇ ਵਿੱਚੋਂ ਨਸ਼ੀਲੀਆਂ ਗੋਲੀਆਂ ਦੇ 40 ਪੱਤੇ, **ਕੁੱਲ 2400 ਨਸ਼ੀਲੀਆਂ ਗੋਲੀਆਂ ਲੋਮੋਟਿਲ** ਬਰਾਮਦ ਹੋਈਆਂ। ਜਿਸ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ। |